# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਭਰਾ-ਭੈਣ ਦੇ ਪਵਿੱਤਰ ਰਿਸ਼ਤੇ ਦਾ ਤਿਉਹਾਰ ਰੱਖੜੀ


ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ




ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੈ ਜੀਵਨ | ਅਗਰ ਸਮਾਜ ਵਿਚ ਤਿਉਹਾਰ (ਉਤਸਵ) ਨਾ ਹੋਣ ਮਾਨਵ ਦਾ ਜੀਵਨ ਜੜ੍ਹਹੀਣ, ਉਦਾਸੀਨ, ਨਿਰਾਸ਼ਾਜਨਕ ਹੋ ਕੇ ਰਹਿ ਜਾਏ | ਤਿਉਹਾਰ ਸਭ ਨੂੰ ਚੰਗੇ ਲੱਗਦੇ ਹਨ | ਧੰਦਾ-ਵਿਉਪਾਰ ਹੋਰ ਸਾਮਾਜਿਕ ਜੀਵਨ ਵਿਹਾਰ ਦੇ ਬੋਝ ਹੇਠਾਂ ਦੱਬਿਆ ਹੋਇਆ ਮਾਨਵ ਤਿਉਹਾਰ ਦੇ ਦਿਨ ਥੋੜ੍ਹੀ ਜਿਹੀ ਮੁਕਤ ਹਵਾ (ਸਾਹ) ਲੈ ਕੇ ਰਾਹਤ ਮਹਿਸੂਸ ਕਰਦਾ ਹੈ | ਜੀਵਨ ਦੇ ਅਰਥ ਨੂੰ ਖੁੱਲ੍ਹਾ-ਡੁੱਲ੍ਹਾ ਮਾਹੌਲ ਮਿਲਦਾ ਹੈ | ਦਿਲ-ਦਿਮਾਗ ਪ੍ਰਸੰਨਤਾ, ਸੰਕਲਪ ਲੈ ਕੇ ਮਨ ਦੀ ਖੇਚਲ ਨੂੰ ਦੂਰ ਹਟਾ ਕੇ ਆਨੰਦ ਪ੍ਰਾਪਤ ਕਰਦਾ ਹੈ | ਤਿਉਹਾਰ ਯਾਨੀ ਮਾਨਵ ਨੂੰ ਉਨਤ ਬਣਾਉਣ ਵਾਲਾ, ਸ੍ਰੇਸ਼ਟ ਬਣਾਉਣ ਵਾਲਾ ਅਤੇ ਸੰਸਕਾਰੀ ਬਣਾਉਣ ਵਾਲਾ | ਤਿਉਹਾਰ ਮਿਲਣ ਦੀ ਮੰਜ਼ਿਲ, ਪ੍ਰੇਮ ਦੇ ਅਨੁਯਾਈ, ਪ੍ਰਸੰਨਤਾ ਦੇ ਪ੍ਰੇਰਕ, ਧਰਮ ਦੇ ਰੱਖਿਅਕ ਅਤੇ ਭਾਵਨਾਵਾਂ ਦੇ ਸਰੋਤ ਹੁੰਦੇ ਹਨ | ਇਸੇ ਸੰਦਰਭ ਵਿਚ ਹਰ ਸਾਲ ਤਿਉਹਾਰ ਆਉਂਦਾ ਹੈ ਰੱਖੜੀ ਦਾ | ਰੱਖੜੀ ਭਾਵ ਪ੍ਰੇਮ ਬੰਧਨ | ਅੱਜ ਦੇ ਦਿਨ ਭੈਣ ਭਰਾ ਦੀ ਕਲਾਈ ਉਪਰ ਰੱਖੜੀ ਬੰਨਦੀ ਹੈ ਅਤੇ ਖੁਸ਼ੀ-ਖੁਸ਼ੀ ਭਰਾ ਦੇ ਦਿਲ ਨੂੰ ਪ੍ਰੇਮ ਵਿਚ ਬੰਨਦੀ ਹੈ | ਭੈਣ-ਭਰਾ ਦਾ ਮਿਲਣ ਭਾਵ ਕਿ ਪ੍ਰੇਮ, ਸਾਹਸ ਅਤੇ ਸੰਜਮ ਦਾ ਸਹਿਯੋਗ | ਭਾਰਤੀ ਸੰਸਕ੍ਰਿਤੀ ਵਿਚ ਇਸਤਰੀ ਨੂੰ ਭੋਗਦਾਸੀ ਨਾ ਸਮਝ ਕੇ ਉਸ ਦੀ ਪੂਜਾ ਕਰਨਾ ਪ੍ਰਥਮ ਕਰਤੱਵ ਸਮਝਿਆ ਜਾਂਦਾ ਹੈ | ਰੱਖੜੀ ਦਾ ਤਿਉਹਾਰ ਭਾਵ ਦ੍ਰਿਸ਼ਟੀ ਪਰਿਵਰਤਨ ਦਾ ਤਿਉਹਾਰ | ਰੱਖੜੀ ਬੰਨ ਕੇ ਭਰਾ ਰੱਖਿਆ ਦੀ ਜ਼ੁੰਮੇਵਾਰੀ ਉਠਾਂਦਾ ਹੈ ਤਾਂ ਕਿ ਸਮਾਜ ਵਿਚ ਭੈਣ ਨਿਡਰ ਹੋ ਕੇ ਵਿਚਰ ਸਕੇ | ਭਰਾ ਨੂੰ ਰੱਖੜੀ ਬੰਨਣ ਤੋਂ ਪਹਿਲਾਂ ਭੈਣ ਉਸ ਦੇ ਮਸਤਕ ਉਤੇ ਤਿਲਕ ਕਰਦੀ ਹੈ | ਇਹ ਤਿਲਕ ਭਰਾ ਦੇ ਲਈ ਸ਼ੁਭਕਾਮਨਾ, ਚੰਗੇ ਸਦ ਵਿਚਾਰ ਅਤੇ ਬਲ ਬੁੱਧੀ ਦਾ ਪ੍ਰਤੀਕ ਹੈ | ਭੈਣ ਭਰਾ ਦਾ ਤੀਜਾ ਨੇਤਰ-ਬੁੱਧੀ ਹੈ, ਜਿਸਨੂੰ ਖੋਲ੍ਹ ਕੇ ਉਸਨੂੰ ਵਿਕਾਰ-ਵਾਸਨਾ ਆਦਿ ਨੂੰ ਭਸਮ ਕਰਨ ਦਾ ਸੂਚਨ ਕਰਦੀ ਹੈ | ਭਰਾ ਦੇ ਗੁੱਟ ਉਪਰ ਰੱਖੜੀ ਬੰਨ ਕੇ ਭੈਣ ਉਸ ਕੋਲੋਂ ਅਪਣਰਕਸ਼ਨ (ਰੱਖਿਆ) ਨਹੀਂ ਚਾਹੁੰਦੀ ਬਲਕਿ ਸਾਰੀ ਇਸਤਰੀ ਜਾਤੀ ਦੇ ਰਕਸਣ ਦੀ ਕਾਮਨਾ ਰੱਖਦੀ ਹੈ | ਭਰਾ ਦੇ ਹਰ ਖੇਤਰ ਵਿਚ ਜਿੱਤ ਪ੍ਰਾਪਤ ਹੋਵੇ | ਭੈਣ ਭਰਾ ਦੇ ਸੱਚੇ ਨਿਸ ਸਵਾਰਥ ਮਿਲਣ ਨੂੰ ਰੱਖੜੀ ਕਹਿੰਦੇ ਹਨ | ਸਿੱਖ ਇਤਿਹਾਸ ਵਿਚ ਵੀ ਭੈਣ ਭਰਾ ਦੇ ਮਿਲਣ ਦੀ ਇਕ ਸਰਵ ਉਚੇ ਉਦਾਹਰਣ ਮਿਲਦੀ ਹੈ | ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੀ ਭੈਣ ਬੀਬੀ ਨਾਨਕੀ ਨੇ ਰੋਟੀ ਬਣਾਉਂਦੇ ਹੋਏ ਯਾਦ ਕੀਤਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਕਾਰਜ ਛੱਡ ਕੇ ਬੀਵੀ ਨਾਨਕੀ ਕੋਲ ਪਹੁੰਚ ਗਏ | ਬੀਬੀ ਨਾਨਕੀ ਉਨ੍ਹਾਂ ਨੂੰ ਵੇਖ ਕੇ ਖੁਸ਼ ਹੋ ਗਈ | ਉਸਦੀ ਪ੍ਰਸੰਨਤਾ ਦਾ ਕੋਈ ਠਿਕਾਣਾ ਨਾ ਰਿਹਾ ਅਤੇ ਸ੍ਰੀ ਗੁਰੂ ਨਾਨਕ ਜੀ ਨੇ ਪਿਆਰ-ਸਤਿਕਾਰ ਨਾਲ ਭੋਜਨ ਛਕਿਆ ਅਤੇ ਬੀਬੀ ਨਾਨਕੀ ਨੂੰ ਸ਼ੁਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤੇ | ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬੀਬੀ ਨਾਨਦੀ (ਭੈਣ-ਭਰਾ) ਦਾ ਪਵਿੱਤਰ ਮਿਲਣ ਹੀ ਰੱਖੜੀ ਕਹਿਲਾਉਂਦਾ ਹੈ | ਪਿਆਰ ਨਾਲ, ਹਿਰਦੇ ਤੋਂ ਭੈਣ ਯਾਦ ਕਰੇ ਅਤੇ ਖੁਸ਼ੀ-ਖੁਸ਼ੀ ਨਾਲ ਭਰਾ ਮਿਲਣ ਜਾਹੇ ਇਹ ਹੈ ਪ੍ਰੇਮ-ਬੰਧਨ, ਇਹੋ ਹੈ ਰੱਖੜੀ | ਭਾਰਤੀ ਸੰਸਕ੍ਰਿਤੀ ਵਿਚ ਦੇਵਾਸੁਰ ਸੰਗ੍ਰਾਮ ਦੇਵਤਿਆਂ ਦੀ ਜਿੱਤ ਦੇ ਨਿਮਿਤ ਇੰਦਰਾਣੀ ਨੇ ਹਿੰਮਤ ਹਾਰੇ ਹੋਏ ਇੰਦਰ ਦੇ ਗੁੱਟ 'ਤੇ ਰੱਖੜੀ ਬੰਨ੍ਹੀ ਸੀ | ਅਭਿਮੰਨਿਉ ਦੀ ਰੱਖਿਆ ਨਿਮਿਤ ਕੁੰਤਾ ਮਾਤਾ ਨੇ ਉਸਨੂੰ ਰੱਖੜੀ ਬੰਨ੍ਹੀ ਸੀ ਅਤੇ ਆਪਣੀ ਰੱਖਿਆ ਦੇ ਲਈ ਰਾਣੀ ਕਰਮਵਤੀ ਨੇ ਹਮਾਯੂੰ ਨੂੰ ਰੱਖੜੀ ਭੇਜੀ ਸੀ | ਰੱਖੜੀ ਵਿਚ ਡਰ ਰਹਿਤ ਪੱਖ ਦੀ ਭਾਵਨਾ ਸਮਾਈ ਹੋਈ ਹੈ | ਰੱਖੜੀ ਭਾਵ ਕਿ ਭੈਣ ਦੀ ਰੱਖਿਆ ਲਈ ਜਿੰਮੇਵਾਰੀ | ਰੱਖੜੀ ਭਾਵ ਭੈਣ-ਭਰਾ ਦੇ ਪ੍ਰੇਮ ਦਾ ਸੱਚਾ ਸੰਕਲਪ, ਪ੍ਰੇਮ ਦੀ ਸ਼ਕਤੀ, ਪ੍ਰੇਮ ਦਾ ਵਹਿੰਦਾ ਝਰਨਾ ਅਤੇ ਸਨੇਹ ਦਾ ਚਮਕਦਾ ਸੂਰਜ ਜੋ ਸਮਾਜ ਨੂੰ ਪ੍ਰੇਮ ਦੀ ਰੌਸ਼ਨੀ ਦੇਵੇ | ਅੱਜ-ਕੱਲ੍ਹ ਮਾਤਾ-ਪਿਤਾ ਦੇ ਇਕ ਜਾਂ ਦੋ ਹੀ ਬੱਚੇ ਹੋਣ ਕਰਕੇ ਇਹ ਤਿਉਹਾਰ ਕੁਝ ਆਧੁਨਿਕਤਾ ਵਿਚ ਅਤੇ ਵਿਗਿਆਨਕ ਸੱਚ ਵਿਚ ਬਦਲਦਾ ਜਾ ਰਿਹਾ ਹੈ | ਭੈਣ-ਭਰਾ ਦੀ ਕਲਾਈ 'ਤੇ ਵੀ ਰੱਖੜੀ ਬੰਨਦੀ ਹੈ ਅਤੇ ਸੁਰੱਖਿਆ-ਬੰਧਨ ਦਾ, ਉਚ ਬੁੱਧੀ ਦਾ, ਉਚ ਵਿਵੇਕ ਦਾ, ਮਾਤਾ-ਪਿਤਾ ਦੀ ਸੇਵਾ ਦਾ, ਸਮਾਜ ਵਿਚ ਸੇਵਾ ਕਰਨ ਦਾ ਸੰਕਲਪ ਲੈਂਦੀ ਹੈ | ਅੱਜ ਦੀ ਨਾਰੀ ਨੇ ਹਰ ਇਕ ਖੇਤਰ ਵਿਚ ਤਰੱਕੀ ਪਾਈ ਹੈ | ਜਿਸਦੀ ਇਕ ਹੀ ਬੇਟੀ ਹੈ ਉਹ ਆਪਣੇ ਪਿਤਾ ਦੇ ਜਾਂ ਰਿਸ਼ਤੇਦਾਰੀ 'ਚੋਂ ਲੱਗਦੇ ਭਰਾ ਨੂੰ ਵੀ ਰੱਖੜੀ ਬੰਨਦੀ ਹੈ | ਰੱਖੜੀ ਦਾ ਇਹ ਤਿਉਹਾਰ ਦੇਸ਼-ਵਿਦੇਸ਼ ਵਿਚ ਮਿਹਨਤ ਕਰਦੇ ਭਾਰਤੀਆਂ ਲਈ ਸਰਵਉਤਮ ਤਿਉਹਾਰ ਹੈ | ਵਿਦੇਸ਼ਾਂ ਵਿਚ ਬੈਠੇ ਭਰਾਵਾਂ ਨੂੰ ਭੈਣਾਂ ਰੱਖੜੀ ਭੇਜਦੀਆਂ ਹਨ ਅਤੇ ਈ-ਮੇਲ ਉਪਰ ਜਾਂ ਮੋਬਾਈਲ ਫ਼ੋਨ ਉਪਰ ਇਕ ਦੂਸਰੇ ਨੂੰ ਵਧਾਈਆਂ, ਸ਼ੁਭਕਾਮਨਾਵਾਂ ਅਤੇ ਆਸ਼ੀਰਦਵਾਦ ਦਿੰਦੇ ਹਨ | ਅੱਜ-ਕੱਲ੍ਹ ਰੱਖੜੀ ਕਈ ਮਹਿੰਗੇ ਰੂਪਾਂ ਵਿਚ ਮਿਲਦੀ ਹੈ | ਰੱਖੜੀ ਸੋਨੇ ਦੀ, ਹੀਰੇ ਦੀ ਅਤੇ ਕਈ ਕੀਮਤੀ ਧਾਤੂਆਂ ਤੋਂ ਬਣਦੀ ਹੈ | ਆਪਣੀ-ਆਪਣੀ ਸਮਰੱਥਾ ਦੇ ਮੁਤਾਬਿਕ ਰੱਖੜੀ ਬੰਨੀ ਜਾਂਦੀ ਹੈ | ਇਸ ਦਿਨ ਬਾਜ਼ਾਰਾਂ ਵਿਚ ਖ਼ੂਬ ਰੌਣਕਾਂ ਹੁੰਦੀਆਂ ਹਨ | ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ (ਮਿਸ਼ਠਾਣਾਂ) ਨਾਲ ਦੁਕਾਨਾਂ ਸਜੀਆਂ ਹੁੰਦੀਆਂ ਹਨ | ਕਈ ਪ੍ਰਕਾਰ ਦੀਆਂ ਰੱਖੜੀਆਂ ਦੁਕਾਨਾਂ ਦੀ ਸ਼ੋਭਾ ਵਧਦੀਆਂ ਹਨ ਵਿਕਰੀ ਲਈ | ਸਧਰਾਂ-ਚਾਵਾਂ, ਖੁਸ਼ੀਆਂ ਨਾਲ ਰੱਖੜੀ ਖਰੀਦੀ ਜਾਂਦੀ ਹੈ | ਇਸ ਦਿਨ ਰਿਸ਼ਤੇਦਾਰਾਂ ਦੀਆਂ, ਸਨੇਹੀਆਂ ਦੀਆਂ ਨੰੂਹਾਂ-ਬੇਟੀਆਂ ਨੂੰ ਵੀ ਮਿਠਾਈਆਂ ਆਦਿ ਭੇਜੀਆਂ ਜਾਂਦੀਆਂ ਹਨ | ਰੱਖਿਆ ਬੰਧਨ (ਰੱਖੜੀ) ਦਾ ਤਿਉਹਾਰ, ਹਿਰਦੇ ਦਾ ਤਿਉਹਾਰ ਹੈ, ਤਰੱਕੀ ਦਾ ਪ੍ਰਤੀਕ, ਚੰਗੇ ਸ਼ੁੱਧ ਆਚਰਣ ਦਾ ਪ੍ਰਤੀਕ, ਦ੍ਰਿਸ਼ਟੀ ਪਰਿਵਰਤਨ ਦਾ ਪ੍ਰਤੀਕ ਹੈ | ਧਾਰਮਿਕ ਸ਼ਰਧਾਲੂ ਸਾਧਕ ਧਾਰਮਿਕ ਸਥਾਨਾਂ ਵਿਚ ਜਾ ਕੇ ਪੂਜਾ ਕਰਦੇ ਹਨ ਅਤੇ ਭਗਵਾਨ ਨੂੰ ਰੱਖੜੀ ਬੰਨਦੇ ਹਨ ਅਤੇ ਜੀਵਨ ਦੀ ਤਰੱਕੀ ਦੀ, ਖੁਸ਼ਹਾਲੀ ਦੀ ਚੰਗੇ ਆਚਰਣ ਦੀ, ਸ਼ਾਂਤੀ ਅਤੇ ਖੁਸ਼ੀਆਂ ਦੀ ਕਾਮਨਾ ਕਰਦੇ ਹਨ

## ਰੱਖੜੀ — ਭੈਣ-ਭਰਾ ਦਾ ਅਟੁੱਟ ਪਿਆਰ

ਰੱਖੜੀ ਦਾ ਤਿਉਹਾਰ ਆਇਆ,
ਪਿਆਰ ਦਾ ਸੁਨੇਹਾ ਲਿਆਇਆ।
ਭੈਣ ਨੇ ਰੱਖੜੀ ਬੰਨ੍ਹੀ ਪਿਆਰ ਨਾਲ,
ਵੀਰ ਨੇ ਰੱਖਿਆ ਕੀਤੀ ਸਤਿਕਾਰ ਨਾਲ।

ਵੀਰ ਭਾਵੇਂ ਛੋਟਾ ਹੋਵੇ ਜਾਂ ਵੱਡਾ,
ਭੈਣ ਲਈ ਹੁੰਦਾ ਬੜਾ ਹੀ ਪਿਆਰਾ।
ਵੱਡੀ ਭੈਣ ਮਾਂ ਵਰਗੀ ਛਾਂ ਬਣੇ,
ਛੋਟੀ ਭੈਣ ਘਰ ਵਿੱਚ ਖੁਸ਼ੀਆਂ ਭਰੇ।

ਵੱਡੀ ਭੈਣ ਦਾ ਪਿਆਰ ਨਿਆਰਾ,
ਛੋਟੀ ਭੈਣ ਦਾ ਹਾਸਾ ਪਿਆਰਾ।
ਭੈਣ-ਭਰਾ ਦਾ ਰਿਸ਼ਤਾ ਸੱਚਾ,
ਪਿਆਰ ਨਾਲ ਹੁੰਦਾ ਹੋਰ ਵੀ ਪੱਕਾ।

ਬੇਬੇ ਨਾਨਕੀ ਤੇ ਗੁਰੂ ਨਾਨਕ ਦੇਵ ਜੀ
ਦਾ ਪਿਆਰ ਸੀ ਬੜਾ ਨਿਰਾਲਾ,
ਭੈਣ ਨੇ ਵੀਰ ਨੂੰ ਪਛਾਣ ਲਿਆ,
ਜਗ ਤੋਂ ਪਹਿਲਾਂ ਸੱਚ ਦਾ ਉਜਾਲਾ।

ਬੇਬੇ ਨਾਨਕੀ ਜੀ ਦੇ ਹਿਰਦੇ ਅੰਦਰ,
ਵੀਰ ਲਈ ਸੀ ਅਥਾਹ ਪਿਆਰ।
ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚ,
ਭੈਣ ਬਣੀ ਸਤਿਕਾਰ ਦਾ ਆਧਾਰ।

ਉਹ ਪਿਆਰ ਸੀ ਨਿਰਮਲ, ਨਿਸ਼ਕਾਮ,
ਨਾ ਕੋਈ ਮੰਗ, ਨਾ ਕੋਈ ਅਹੰਕਾਰ।
ਪ੍ਰੇਮ, ਸਤਿਕਾਰ ਤੇ ਸੱਚ ਦੀ ਜੋਤ,
ਬਣਿਆ ਭੈਣ-ਭਰਾ ਦਾ ਸੁੰਦਰ ਪਿਆਰ।

ਰੱਖੜੀ ਸਿਰਫ਼ ਧਾਗਾ ਨਹੀਂ,
ਇਹ ਪਿਆਰ ਦੀ ਨਿਸ਼ਾਨੀ ਹੈ।
ਦੁੱਖ-ਸੁੱਖ ਵਿੱਚ ਸਾਥ ਨਿਭਾਉਣ ਦੀ,
ਇੱਕ ਪਵਿੱਤਰ ਜਿਹੀ ਕਹਾਣੀ ਹੈ।

ਚਾਹੇ ਦੂਰੀ ਕਿੰਨੀ ਵੀ ਹੋ ਜਾਵੇ,
ਦਿਲਾਂ ਦੀ ਨੇੜਤਾ ਘਟਦੀ ਨਹੀਂ।
ਭੈਣ-ਭਰਾ ਦਾ ਇਹ ਅਟੁੱਟ ਬੰਧਨ,
ਸਮੇਂ ਦੇ ਨਾਲ ਕਦੇ ਟੁੱਟਦਾ ਨਹੀਂ।

ਗੁਰਬਾਣੀ ਸਾਨੂੰ ਪ੍ਰੇਮ ਸਿਖਾਵੇ,
ਨਿਮਰਤਾ, ਸੇਵਾ ਤੇ ਸਤਿਕਾਰ।
ਮਨ ਵਿੱਚ ਵੱਸੇ ਪਿਆਰ ਦੀ ਜੋਤ,
ਇਹੀ ਹੋਵੇ ਜੀਵਨ ਦਾ ਸੱਚਾ ਸ਼ਿੰਗਾਰ।

ਵਾਹਿਗੁਰੂ ਕਰੇ ਹਰ ਭੈਣ-ਭਰਾ,
ਪਿਆਰ ਤੇ ਵਿਸ਼ਵਾਸ ਵਿੱਚ ਜੁੜਿਆ ਰਹੇ।
ਹਰ ਭੈਣ ਦਾ ਵੀਰ ਖੁਸ਼ ਰਹੇ,
ਹਰ ਵੀਰ ਦੀ ਭੈਣ ਹੱਸਦੀ ਰਹੇ।

ਸੁਨੇਹਾ:
ਬੀਬੀ ਨਾਨਕੀ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਿਆਰ ਸਾਨੂੰ ਸਿਖਾਉਂਦਾ ਹੈ ਕਿ ਭੈਣ-ਭਰਾ ਦਾ ਰਿਸ਼ਤਾ ਸਿਰਫ਼ ਰੱਖੜੀ ਦੇ ਧਾਗੇ ਨਾਲ ਨਹੀਂ, ਸਗੋਂ ਪਿਆਰ, ਵਿਸ਼ਵਾਸ, ਸਤਿਕਾਰ ਅਤੇ ਨਿਸ਼ਕਾਮ ਭਾਵਨਾ ਨਾਲ ਅਟੁੱਟ ਬਣਦਾ ਹੈ।


ਵਰਲਡ ਪੰਜਾਬੀ ਟਾਈਮਜ਼
ਸਤਵਿੰਦਰ ਕੌਰ


## ਰੱਖੜੀ ਦਾ ਪਵਿੱਤਰ ਤਿਉਹਾਰ


ਵਰਲਡ ਪੰਜਾਬੀ ਟਾਈਮਜ਼
ਕਰਮਜੀਤ ਕੌਰ ਮੁਕਤਸਰ




ਰੱਖੜੀ ਦਾ ਪਵਿੱਤਰ ਤਿਉਹਾਰ ਹਰ ਸਾਲ ਭਾਦਰੋਂ ਮਹੀਨੇ ਦੀ ਪੂਰਨਮਾਸ਼ੀ ਨੂੰ ਪੂਰੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਭੈਣ-ਭਰਾ ਦੇ ਪਵਿੱਤਰ ਪ੍ਰੇਮ ਅਤੇ ਅਟੁੱਟ ਵਿਸ਼ਵਾਸ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਇਤਿਹਾਸ ਦੇ ਪੰਨਿਆਂ ਵੱਲ ਝਾਤ ਮਾਰੀਏ ਤਾਂ ਸਾਨੂੰ ਇਸ ਤਿਉਹਾਰ ਦੀ ਆਰੰਭਤਾ ਦਾ ਜਿਕਰ ਦੁਆਪਰ ਯੁੱਗ ਦੇ ਸੁਨਹਿਰੀ ਪੰਨੇ ਉਪਰ ਵਿਸਮਾਦਮਈ ਦ੍ਰਿਸ਼ ਵਿਚ ਮਿਲਦਾ ਹੈ ਅਤੇ ਉਸ ਘਟਨਾ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਬਹੁਤ ਕਠਿਨ ਜਾਪਦਾ ਹੈ।

ਖੈਰ! ਦੁਆਪਰ ਯੁੱਗ ਦੇ ਅਵਤਾਰ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੇ ਆਪਣੇ ਸੁਦਰਸ਼ਨ ਚੱਕਰ ਨਾਲ ਜਦੋਂ ਸ਼ਿਸ਼ੂਪਾਲ ਦਾ ਸਿਰ ਧੜ ਤੋਂ ਅਲੱਗ ਕੀਤਾ ਤਾਂ ਸੁਦਰਸ਼ਨ ਚੱਕਰ ਆਪਣੀ ਵਾਪਸੀ ਦੌਰਾਨ ਭਗਵਾਨ ਦੀ ਉਂਗਲੀ ਨੂੰ ਹਲਕਾ ਜਿਹਾ ਕੱਟ ਕਰ ਗਿਆ। ਸ਼੍ਰੀ ਕ੍ਰਿਸ਼ਨ ਜੀ ਦੀ ਉਂਗਲੀ ਵਿਚੋਂ ਖੂਨ ਸਿੰਮਣਾ ਸ਼ੁਰੂ ਹੋ ਗਿਆ। ਖੂਨ ਦੀਆਂ ਟਪਕਦਿਆਂ ਬੂੰਦਾਂ ਨੂੰ ਦੇਖ ਕੇ ਦ੍ਰੋਪਤੀ ਨੇ ਤੇਜ਼ੀ ਨਾਲ ਆਪਣੀ ਸਾੜੀ ਦਾ ਪੱਲੂ ਪਾੜਿਆ ਅਤੇ ਭਗਵਾਨ ਦੀ ਉੱਗਲੀ ਉੱਪਰ ਕੱਸ ਕੇ ਬੰਨ ਦਿੱਤਾ ਤਾਂ ਜੋ ਖੂਨ ਟਪਕਣਾ ਬੰਦ ਹੋ ਜਾਵੇ। ਆਪਣੀ ਸਖੀ ਅਤੇ ਮੂੰਹ ਬੋਲੀ ਭੈਣ ਦਾ ਅਟੁੱਟ ਪਿਆਰ ਦੇਖ ਕੇ ਸ਼੍ਰੀ ਕ੍ਰਿਸ਼ਨ ਜੀ ਨੇ ਖੁਸ਼ ਹੋ ਕੇ ਦ੍ਰੋਪਤੀ ਨੂੰ ਵਚਨ ਦਿੱਤਾ ਕਿ ਉਹ ਹਮੇਸ਼ਾਂ ਉਸ ਦੀ ਰਖਿਆ ਕਰਨਗੇ।

ਇੱਕ ਦਿਨ ਅਜਿਹਾ ਸਮਾਂ ਆਇਆ ਕਿ ਦ੍ਰੋਪਤੀ ਤੇ ਕਹਿਰ ਢਹਿ ਪਿਆ। ਇਸ ਭਿਆਨਕ ਸਮੇਂ ਵਿਚ ਦ੍ਰੋਪਤੀ ਦੇ ਬੇਅੰਤ ਸਹਾਰੇ ਹੁੰਦੇ ਹੋਏ ਵੀ ਉਹ ਇੱਕਲੀ ਰਹਿ ਗਈ। ਅੱਜ ਹਸਤਾਨਾਪੁਰ ਦੀ ਮਹਾਰਾਣੀ ਜਿਸ ਦੇ ਪੰਜ ਪਤੀ ਪਰਮੇਸ਼ਵਰ ਸਮੇਤ ਰਾਜਾ ਧ੍ਰਿਦਰਾਸ਼ਟਰ, ਭੀਸ਼ਮ ਪੀਤਾਮਾ, ਗੁਰੂ ਦਰੋਣਾਚਾਰੀਆ ਅਤੇ ਹੋਰ ਮਹਾਨ ਸਖਸ਼ੀਅਤ ਕੋਲ ਹੁੰਦਿਆਂ ਉਹ ਆਪਣੇ ਮਹੱਲਾ ਵਿਚ ਕੇਸਾਂ ਤੋਂ ਫੜ ਕੇ ਧਰੂਹੀ ਗਈ। ਉਸ ਨੂੰ ਭਰੀ ਹੋਈ ਸਭਾ ਵਿਚ ਨਗਨ ਕੀਤਾ ਜਾ ਰਿਹਾ ਸੀ। ਉਸ ਨੂੰ ਆਸ ਸੀ ਕਿ ਕੋਈ ਉਸ ਨੂੰ ਬਚਾਉਣ ਜਰੂਰ ਆਵੇਗਾ। ਉਸ ਨੇ ਵਾਰੋ-ਵਾਰੀ ਸਭ ਦੇ ਪੈਰ ਫੜੇ ਪਰੰਤੂ ਕੋਈ ਵੀ ਉਸ ਨੂੰ ਬਚਾਉਣ ਨਹੀਂ ਆਇਆ। ਉਹ ਰੋਂਦੀ ਰਹੀ ਕਰਲਉਂਦੀ ਰਹੀ ਲੇਕਿਨ ਸਭ ਵਿਅਰਥ। ਅੱਜ ਅਪਣੇ ਹੀ ਉਸ ਦੇ ਦੁਸ਼ਮਣ ਬਣ ਚੁੱਕੇ ਸੀ। ਦ੍ਰੋਪਤੀ ਥੱਕ ਹਾਰ ਗਈ। ਹੁਣ ਕੋਈ ਸਹਾਰਾ ਨਹੀਂ ਰਿਹਾ। ਕੇਵਲ ਇੱਕੋ ਸਹਾਰਾ ਬਚਿਆ ਸੀ ਉਸ ਨੇ ਆਪਣੇ ਮਨ ਵਿਚ ਯਾਦ ਕੀਤਾ, "ਗੋਵਿੰਦ ਮੇਰੀ ਰਖਿਆ ਕਰੋ।" ਏਨਾ ਕਹਿਣ ਦੀ ਦੇਰ ਸੀ ਕਿ ਸਮੇਂ ਦੇ ਅਵਤਾਰ ਦ੍ਰੋਪਤੀ ਦਾ ਮੂੰਹ ਬੋਲਿਆ ਭਾਈ ਜਿਸ ਨੂੰ ਉਹ ਹਮੇਸ਼ਾਂ ਸਖੀ ਕਹਿ ਕੇ ਬੁਲਾਉਂਦਾ ਸੀ ਨੇ ਅਜਿਹਾ ਕੌਤਕ ਵਰਤਾਇਆ ਕਿ ਕੱਪੜੇ ਦੇ ਢੇਰ ਲੱਗ ਗਏ ਦ੍ਰੋਪਤੀ ਦੀ ਲਾਜ ਰੱਖੀ ਗਈ। ਇਸ ਨੂੰ ਕਹਿੰਦੇ ਹਨ ਸੱਚਾ ਪ੍ਰੇਮ ਪਿਆਰ। ਬਾਅਦ ਵਿਚ ਦ੍ਰੋਪਤੀ ਨੇ ਇਕਵਾਰ ਸ਼੍ਰੀ ਕ੍ਰਿਸ਼ਨ ਜੀ ਨੂੰ ਰੋਹ ਵਿਚ ਪੁੱਛਿਆ, "ਗੋਵਿੰਦ ਤੁਸੀਂ ਪਹਿਲਾਂ ਕਿਉਂ ਨਹੀਂ ਆਏ।" ਹੱਸ ਕਿ ਸ਼੍ਰੀ ਕ੍ਰਿਸ਼ਨ ਜੀ ਬੋਲੇ, "ਸਖੀ, ਪਹਿਲਾਂ ਮਾਣ ਹੀ ਤੈਨੂੰ ਆਪਣੇ ਪੰਜ ਪਤੀਆਂ ਉੱਪਰ ਸੀ। ਮੈਂ ਤਾਂ ਪਹਿਲਾਂ ਹੀ ਆ ਜਾਂਦਾ ਪਰ ਮੈਨੂੰ ਤੂੰ ਯਾਦ ਹੀ ਸਭ ਤੋਂ ਬਾਅਦ ਵਿਚ ਕੀਤਾ। ਇਸ ਘਟਨਾ ਦੀ ਜਾਣਕਾਰੀ ਸਾਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਮਿਲਦੀ ਹੈ।

ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ।।
ਤਾ ਕੋ ਦੂਖ ਰਹਿਓ ਕਰੁਣਾ ਮੈ ਆਪਨੀ ਪੈਜ ਬਢਾਈ।।

ਗੁਰਮਤਿ ਅਨੁਸਾਰ ਇਹ ਰੂਹਾਨੀਅਤ ਰਸ ਦੇ ਉਹ ਪਲ ਹਨ ਜਿਹਨਾਂ ਨੂੰ ਜੀਵ ਇਸਤਰੀਆਂ ਉਸ ਅਵਸਥਾ ਵਿਚ ਜਾ ਕੇ ਮਾਣ ਸਕਦੇ ਹਨ। ਇਹ ਵਿਸਮਾਦ ਅਨੰਦ ਦੀਆਂ ਘੜੀਆਂ ਨੂੰ ਪੂਰੀ ਜ਼ਿੰਦਗੀ ਤਾਂ ਕੀ ਕਈ ਯੁੱਗ ਵੀ ਬੀਤ ਜਾਣ ਤਾਂ ਵੀ ਅੰਮ੍ਰਿਤਮਈ ਅਨੰਦ ਦਾ ਇਹ ਖਜਾਨਾ ਕਦੇ ਨਹੀਂ ਮੁੱਕਣਾ। ਜੀਵ ਇਸਤਰੀ ਨੂੰ ਪਰਮਾਤਮਾ ਦੇ ਪ੍ਰੇਮ ਅਤੇ ਅਟੁੱਟ ਵਿਸ਼ਵਾਸ ਵਿਚੋਂ ਹੀ ਆਖਿਰ ਰੱਖੜੀ ਦਾ ਤਿਉਹਾਰ ਉੱਭਰ ਕੇ ਸਾਡੇ ਸਾਹਮਣੇ ਆਇਆ ਹੈ। ਇਹ ਤਿਉਹਾਰ ਹਰ ਸਾਲ ਸਾਡੇ ਲਈ ਇੱਕ ਸੁਨੇਹਾ ਲੈ ਕੇ ਆਉਂਦਾ ਹੈ, "ਹੇ ਜੀਵ ਇਸਤਰੀ ਇਸ ਤਿਉਹਾਰ ਦੀ ਆਰੰਭਤਾ ਦੇ ਬੀਜ ਦਾ ਕੋਈ ਕਿਣਕਾ ਮਾਤਰ ਗਿਆਨ ਹੀ ਕਿਤੇ ਤੇਰੇ ਹਿਰਦੇ ਵਿਚ ਵੱਸ ਜਾਵੇ ਤਾਂ ਤੂੰ ਇਸ ਭਵਸਾਗਰ ਤੋਂ ਪਾਰ ਹੋ ਸਕਦੀ ਹੈ। ਆਓ! ਇਸ ਪਵਿੱਤਰ ਤਿਉਹਾਰ ਨੂੰ ਮਨਾਉਂਦੇ ਹੋਏ ਪਰਮਾਤਮਾ ਦੀ ਪ੍ਰੀਤ ਦਾ ਅਨੰਦ ਮਾਣੀਏ।

## ਰੱਖੜੀ ਆਈ


ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ


ਰੱਖੜੀ ਆਈ, ਰੱਖੜੀ ਆਈ,
ਖੁਸ਼ੀਆਂ ਦੀ ਬਹਾਰ ਲਿਆਈ।

ਭੈਣਾਂ ਨੇ ਰੱਖੜੀਆਂ ਲਈਆਂ,
ਵੀਰਾਂ ਦੀ ਉਡੀਕ ਵਧਾਈ।

ਸੂਟ ਨਵੇਂ ਸਿਵਾਏ ਨੇ,
ਚੂੜੀਆਂ ਖਣਕਾਈਆਂ ਨੇ।

ਗੁੱਟ ਸੁੰਨੇ ਵੀਰਾਂ ਦੇ,
ਭੈਣਾਂ ਨੂੰ ਯਾਦ ਆਏ ਨੇ।

ਇਹ ਰੇਸ਼ਮ ਦੀ ਡੋਰ ਨਹੀਂ,
ਇਹ ਤਾਂ ਪਿਆਰ ਦੀ ਜੋਰ ਹੈ।

ਭੈਣ ਕਹਿੰਦੀ ਵੀਰਾ ਮੇਰਿਆ,
ਤੂੰ ਹੀ ਮੇਰਾ ਜ਼ੋਰ ਹੈ।

ਵੀਰਾ ਬੰਨ੍ਹ ਕੇ ਰੱਖੜੀ,
ਵਾਅਦਾ ਕਰ ਜਾਵੇ,
ਦੁੱਖ ਭੈਣ ਦਾ ਸਾਰਾ,
ਮੈਂ ਹੀ ਹੰਢਾਵਾਂ।

## ਰੱਖੜੀ ਦੀ ਤੰਦ ਖ਼ਤਰੇ ਵਿੱਚ ਹੈ




ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ


ਮਾਏ ਨੀ ਅਣਜੰਮੀ ਧੀ ਨੂੰ,
ਆਪਣੇ ਨਾਲੋਂ ਵਿੱਛੜੇ ਜੀਅ ਨੂੰ,
ਜਾਂਦੀ ਵਾਰੀ ਮਾਏ ਨੀ,
ਇਕ ਲੋਰੀ ਦੇ ਦੇ।
ਬਾਬਲ ਤੋਂ ਭਾਵੇਂ ਚੋਰੀ
ਨੀ ਇਕ ਲੋਰੀ ਦੇ ਦੇ।

ਮੰਨਿਆ ਤੇਰੇ ਘਰ ਵਿਚ ਵਧ ਗਏ,
ਧੀਆਂ ਵਾਲੇ ਗੁੱਡੀ ਪਟੋਲੇ।
ਤੇਰੇ ਦਿਲ ਦਾ ਹਾਉਕਾ ਨੀ ਮੈਂ,
ਸੁਣਦੀ ਰਹੀ ਆਂ ਤੇਰੇ ਓਹਲੇ।
ਮੈਨੂੰ ਮਾਰ ਮੁਕਾਉਣ ਦੀ ਗੱਲ ਕਿਉਂ, ਤੂੰਹੀਉਂ ਪਹਿਲਾਂ ਤੋਰੀ...?
ਨੀ ਇਕ ਲੋਰੀ ਦੇ ਦੇ।

ਮਾਏ ਨੀ ਤੇਰੀ ਗੋਦੀ ਅੰਦਰ,
ਬੈਠਣ ਨੂੰ ਮੇਰਾ ਜੀਅ ਕਰਦਾ ਸੀ।
ਬਾਬਲ ਦੀ ਤਿਊੜੀ ਨੂੰ ਤੱਕ ਕੇ,
ਹਰ ਵਾਰੀ ਮੇਰਾ ਜੀਅ ਡਰਦਾ ਸੀ।
ਧੀਆਂ ਬਣਕੇ ਜੰਮਣਾ ਏਥੇ,
ਕਿਉਂ ਬਣ ਗਈ ਕਮਜ਼ੋਰੀ...
ਨੀ ਇਕ ਲੋਰੀ ਦੇ ਦੇ।

ਮਾਏ ਨੀ ਮੇਰੀ ਨਾਨੀ ਦੇ ਘਰ,
ਤੂੰ ਵੀ ਸੀ ਕਦੇ ਧੀ ਬਣ ਜੰਮੀ।
ਕੁੱਖ ਵਿਚ ਕਤਲ ਕਰਾਵਣ ਵਾਲੀ,
ਕਿਉਂ ਕੀਤੀ ਤੂੰ ਗੱਲ ਨਿਕੰਮੀ।
ਵੀਰਾ ਲੱਭਦੀ ਲੱਭਦੀ ਹੋ ਗਈ,
ਕਿਉਂ ਮਮਤਾ ਤੋਂ ਕੋਰੀ...?
ਨੀ ਇਕ ਲੋਰੀ ਦੇ ਦੇ।


ਹਸਪਤਾਲ ਦੇ ਕਮਰੇ ਅੰਦਰ,
ਪਈਆਂ ਨੇ ਜੋ ਅਜਬ ਮਸ਼ੀਨਾਂ।
ਪੁੱਤਰਾਂ ਨੂੰ ਇਹ ਕੁਝ ਨਾ ਆਖਣ,
ਸਾਡੇ ਲਈ ਕਿਉਂ ਬਣਨ ਸੰਗੀਨਾਂ।
ਡਾਕਟਰਾਂ ਚਹੁੰ ਸਿੱਕਿਆਂ ਖ਼ਾਤਰ,
ਕੱਟੀ ਜੀਵਨ ਡੋਰੀ...।
ਨੀ ਇਕ ਲੋਰੀ ਦੇ ਦੇ।

ਧੀ ਤਿਤਲੀ ਨੂੰ ਮਸਲਣ ਵੇਲੇ,
ਚੁੱਪ ਖੜ੍ਹੇ ਕਿਉਂ ਧਰਮਾਂ ਵਾਲੇ,
ਗੁੰਗੇ ਬੋਲੇ ਹੋ ਗਏ ਸਾਰੇ,
ਨੱਕ ਨਮੂਜ਼ਾਂ ਸ਼ਰਮਾਂ ਵਾਲੇ।
ਬਿਨ ਡੋਲੀ ਤੋਂ ਧਰਮੀ ਮਾਪਿਆਂ,
ਕਿੱਧਰ ਨੂੰ ਧੀ ਤੋਰੀ...?
ਨੀ ਇਕ ਲੋਰੀ ਦੇ ਦੇ।

ਸੁੱਤਿਆਂ ਲਈ ਸੌ ਯਤਨ ਵਸੀਲੇ,
ਜਾਗਦਿਆਂ ਨੂੰ ਕਿਵੇਂ ਜਗਾਵਾਂ?
ਰੱਖੜੀ ਦੀ ਤੰਦ ਖ਼ਤਰੇ ਵਿਚ ਹੈ,
ਚੁੱਪ ਨੇ ਕੁੱਲ ਧਰਤੀ ਦੀਆਂ ਮਾਵਾਂ।
ਅੰਮੜੀਏ! ਮੈਨੂੰ ਗੁੜ੍ਹਤੀ ਦੀ ਥਾਂ,
ਦੇ ਨਾ ਜ਼ਹਿਰ ਕਟੋਰੀ...।
ਨੀ ਇਕ ਲੋਰੀ ਦੇ ਦੇ।

# ਪੰਜਾਬੀ ਦੇ ਅਣਗੌਲੇ ਸ਼ਾਇਰ ਅਮਿਤੋਜ ਦੀ 28 ਅਗਸਤ ਨੂੰ 21ਵੀਂ ਬਰਸੀ

ਵਰਲਡ ਪੰਜਾਬੀ ਟਾਈਮਜ਼
ਤੁਸ਼ਾਰ ਬੱਤਰਾ



ਅਮਿਤੋਜ ਦੀ ਕਵਿਤਾ ਨਾਲ ਸੰਵਾਦ ਰਚਦਿਆਂ ਸਭ ਤੋਂ ਪਹਿਲਾਂ ਉਸ ਦੀ ਕਥਨ-ਵਿਧੀ ਆਪਣਾ ਧਿਆਨ ਖਿੱਚਦੀ ਹੈ। ਉਹ ਕਿਸੇ ਅਨੁਭਵ ਨੂੰ ਸਿਰਫ਼ ਸ਼ਬਦਾਂ ਵਿੱਚ ਬਿਆਨ ਨਹੀਂ ਕਰਦਾ, ਸਗੋਂ ਆਪਣੀ ਕਾਵਿ-ਭਾਸ਼ਾ ਰਾਹੀਂ ਉਸ ਨੂੰ ਅਜਿਹਾ ਜੀਵੰਤ ਰੂਪ ਦੇ ਦਿੰਦਾ ਹੈ ਕਿ ਪਾਠਕ ਉਸ ਨੂੰ ਆਪਣੇ ਸਾਹਮਣੇ ਵਾਪਰਦਾ ਮਹਿਸੂਸ ਕਰਨ ਲੱਗਦਾ ਹੈ। ਕਿਤੇ ਕੋਈ ਪਾਤਰ ਬੋਲ ਰਿਹਾ ਹੈ, ਕਿਤੇ ਕੋਈ ਪੁਰਾਣਾ ਦ੍ਰਿਸ਼ ਅਚਾਨਕ ਅੱਖਾਂ ਅੱਗੇ ਆ ਖੜ੍ਹਦਾ ਹੈ ਅਤੇ ਕਿਤੇ ਬਿਲਕੁਲ ਸਧਾਰਨ ਜਾਪਦਾ ਵਾਕ ਮਨੁੱਖੀ ਰਿਸ਼ਤੇ ਦੀ ਡੂੰਘੀ ਤਹਿ ਖੋਲ੍ਹ ਦਿੰਦਾ ਹੈ। ਉਸ ਦੀ ਕਵਿਤਾ ਵਿੱਚ ਬੋਲਚਾਲ ਦੀ ਸਹਿਜਤਾ ਹੈ, ਪਰ ਇਸ ਸਹਿਜਤਾ ਦੇ ਪਿੱਛੇ ਇੱਕ ਸੁਚੇਤ ਕਾਵਿ-ਸ਼ਿਲਪ ਵੀ ਹੈ। ਸ਼ਾਇਦ ਇਸੇ ਕਰਕੇ ਅਮਿਤੋਜ ਨੂੰ ਕੇਵਲ ਕਵੀ ਕਹਿਣਾ ਉਸ ਦੀ ਰਚਨਾਤਮਕ ਸ਼ਖ਼ਸੀਅਤ ਨੂੰ ਇੱਕ ਹੀ ਪਰਿਭਾਸ਼ਾ ਵਿੱਚ ਬੰਨ੍ਹ ਦੇਣਾ ਹੋਵੇਗਾ।

ਅਮਿਤੋਜ ਦਾ ਜਨਮ 3 ਜੂਨ 1947 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਮੁਰੀਦ ਕੇ (ਨੇੜੇ ਕਾਲਾ ਅਫਗਾਨਾ) ਵਿੱਚ ਚਰਨ ਦਾਸ ਅਤੇ ਜਾਨਕੀ ਦੇਵੀ ਦੇ ਘਰ ਹੋਇਆ। ਉਸ ਦਾ ਮੂਲ ਨਾਮ ਕ੍ਰਿਸ਼ਨ ਕੁਮਾਰ ਸੀ। ਸਾਹਿਤਕ ਸਫ਼ਰ ਦੇ ਮੁੱਢਲੇ ਦੌਰ ਵਿੱਚ ਉਹ ਕਦੇ ਕੰਵਲ ਸ਼ਮੀਮ ਅਤੇ ਕਦੇ ਕ੍ਰਿਸ਼ਨ ਕੰਵਲ ਸਰੀਨ ਦੇ ਨਾਮ ਨਾਲ ਲਿਖਦਾ ਰਿਹਾ । ਸਰਕਾਰੀ ਕਾਲਜ ਕਪੂਰਥਲਾ ਵਿੱਚ ਪੜ੍ਹਦਿਆਂ 1962 ਵਿੱਚ ਉਸ ਦੀ ਮੁਲਾਕਾਤ ਸੁਰਜੀਤ ਪਾਤਰ ਨਾਲ ਹੋਈ ਅਤੇ ਪਾਤਰ ਵੱਲੋਂ ਦਿੱਤਾ 'ਅਮਿਤੋਜ' ਨਾਮ ਅੱਗੇ ਚੱਲ ਕੇ ਪੰਜਾਬੀ ਸਾਹਿਤ ਵਿੱਚ ਇੱਕ ਵੱਖਰੀ ਆਵਾਜ਼ ਦਾ ਨਾਮ ਬਣ ਗਿਆ। ਜੀਵਨ-ਨਿਰਵਾਹ ਲਈ ਨੌਕਰੀ ਅਤੇ ਪੱਤਰਕਾਰੀ ਨਾਲ ਜੁੜਨ ਤੋਂ ਬਾਅਦ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਹਿਤਕ ਅਤੇ ਅਕਾਦਮਿਕ ਮਾਹੌਲ ਵਿੱਚ ਵੀ ਸਰਗਰਮ ਰਿਹਾ। ਪਰ ਉਸ ਦੀ ਅਸਲ ਪਛਾਣ ਉਸ ਦੇ ਅਹੁਦਿਆਂ ਨਾਲ ਨਹੀਂ, ਉਸ ਦੀ ਕਵਿਤਾ ਨਾਲ ਬਣੀ।

ਇਹ ਉਹ ਸਮਾਂ ਸੀ ਜਦੋਂ ਪੰਜਾਬੀ ਕਵਿਤਾ ਆਪਣੇ ਪੁਰਾਣੇ ਮੁਹਾਵਰੇ ਤੋਂ ਬਾਹਰ ਨਿਕਲ ਰਹੀ ਸੀ। ਪਾਸ਼ ਅਤੇ ਸੁਰਜੀਤ ਪਾਤਰ ਵਰਗੇ ਕਵੀ ਨਵੀਂ ਸੰਵੇਦਨਾ ਦੇ ਮਹੱਤਵਪੂਰਨ ਹਸਤਾਖਰ ਬਣ ਰਹੇ ਸਨ। ਅਮਿਤੋਜ ਨੇ ਵੀ ਇਸੇ ਦੌਰ ਵਿੱਚ ਆਪਣੀ ਆਵਾਜ਼ ਬਣਾਈ, ਪਰ ਉਸ ਦੀ ਕਾਵਿ-ਦ੍ਰਿਸ਼ਟੀ ਆਪਣੀ ਸੀ। ਉਸ ਦੀ ਵਿਸ਼ੇਸ਼ਤਾ ਕਿਸੇ ਸਾਹਿਤਕ ਘੋਸ਼ਣਾ ਵਿੱਚ ਨਹੀਂ, ਕਵਿਤਾ ਦੇ ਅੰਦਰਲੇ ਕਥਨ-ਢੰਗ ਵਿੱਚ ਸੀ। ਗੁਰਭਜਨ ਗਿੱਲ ਨੇ ਅਮਿਤੋਜ ਨੂੰ ਪੜ੍ਹਦਿਆਂ ਪੰਜਾਬੀ ਕਵਿਤਾ ਵਿੱਚਲੇ ਨਾਟਕੀ ਅੰਸ਼ ਵੱਲ ਧਿਆਨ ਦਿਵਾਇਆ ਹੈ। ਇਹ ਨਾਟਕੀਅਤਾ ਅਮਿਤੋਜ ਦੀ ਕਵਿਤਾ ਵਿੱਚ ਕੇਵਲ ਸ਼ੈਲੀ ਨਹੀਂ; ਇਹ ਉਸ ਦੀ ਜੀਵਨ ਨੂੰ ਦੇਖਣ ਦੀ ਵਿਧੀ ਹੈ। ਉਹ ਕਿਸੇ ਵਿਚਾਰ ਨੂੰ ਸਿਰਫ਼ ਬਿਆਨ ਨਹੀਂ ਕਰਦਾ, ਉਸ ਨੂੰ ਇੱਕ ਦ੍ਰਿਸ਼, ਇੱਕ ਸੰਵਾਦ ਜਾਂ ਇੱਕ ਘਟਨਾ ਵਿੱਚ ਬਦਲ ਦਿੰਦਾ ਹੈ।

ਇਸ ਦੀ ਸਭ ਤੋਂ ਸੁੰਦਰ ਮਿਸਾਲ 'ਲਾਹੌਰ ਦੇ ਨਾਂ ਇੱਕ ਖ਼ਤ' ਹੈ। ਕਵਿਤਾ ਦੀ ਸ਼ੁਰੂਆਤ—"ਮੇਰੇ ਪਿਆਰੇ ਚਚਾ ਜਾਨ!"—ਇੱਕ ਨਿੱਜੀ ਚਿੱਠੀ ਦਾ ਦਰਵਾਜ਼ਾ ਖੋਲ੍ਹਦੀ ਹੈ। ਪਰ ਕੁਝ ਹੀ ਪਲਾਂ ਵਿੱਚ ਇਹ ਚਿੱਠੀ ਇੱਕ ਵਿਅਕਤੀ ਨੂੰ ਸੰਬੋਧਨ ਕਰਨ ਤੋਂ ਅੱਗੇ ਵਧ ਕੇ ਯਾਦ, ਵਿਛੋੜੇ ਅਤੇ ਸਾਂਝੇ ਇਤਿਹਾਸ ਦੀ ਕਵਿਤਾ ਬਣ ਜਾਂਦੀ ਹੈ। ਬਸੀਰ ਚਾਚਾ, ਕਬੂਤਰ, ਪੱਗ, ਗੁੱਡੀ, ਪਿੰਡ, ਘਰ—ਇਹ ਸਭ ਸਿਰਫ਼ ਯਾਦ ਦੇ ਵੇਰਵੇ ਨਹੀਂ ਰਹਿੰਦੇ; ਇਹ ਇੱਕ ਟੁੱਟੇ ਹੋਏ ਸਮੇਂ ਦੇ ਨਿਸ਼ਾਨ ਬਣ ਜਾਂਦੇ ਹਨ। ਕਵਿਤਾ ਦੇ ਅੰਤ ਵੱਲ ਆਉਂਦੀਆਂ ਇਹ ਪੰਕਤੀਆਂ—"ਜਦ ਤੁਸੀਂ ਪਿੰਡ ਆਓਗੇ / ਮੈਂ ਤੁਹਾਨੂੰ ਹਾਂਡੀ ਦੇ ਮੀਟ ਵਰਗੀਆਂ / ਆਪਣੀਆਂ ਕਵਿਤਾਵਾਂ ਸੁਣਾਵਾਂਗਾ"—ਅਮਿਤੋਜ ਦੀ ਕਾਵਿ-ਸੂਝ ਦਾ ਬਹੁਤ ਸੁੰਦਰ ਉਦਾਹਰਨ ਹਨ। ਇੱਥੇ ਕਵਿਤਾ ਕਿਸੇ ਅਮੂਰਤ ਸਾਹਿਤਕ ਵਸਤੂ ਦਾ ਨਾਮ ਨਹੀਂ ਰਹਿੰਦੀ; ਉਹ ਘਰ ਦੀ ਖੁਸ਼ਬੂ, ਪਿੰਡ ਦੀ ਯਾਦ ਅਤੇ ਮਨੁੱਖੀ ਮਿਲਾਪ ਦੀ ਉਡੀਕ ਨਾਲ ਜੁੜ ਜਾਂਦੀ ਹੈ।

'ਬੁੱਢਾ ਬੌਲਦ' ਵਿੱਚ ਅਮਿਤੋਜ ਇੱਕ ਹੋਰ ਦਰਵਾਜ਼ਾ ਖੋਲ੍ਹਦਾ ਹੈ। ਇੱਥੇ ਪੇਂਡੂ ਜੀਵਨ ਦਾ ਇੱਕ ਸਧਾਰਨ ਬਿੰਬ ਹੌਲੀ-ਹੌਲੀ ਯਾਦ, ਮਿਹਨਤ ਅਤੇ ਬਦਲਦੇ ਜੀਵਨ ਦੀ ਕਹਾਣੀ ਬਣ ਜਾਂਦਾ ਹੈ। ਕਵਿਤਾ ਦਾ ਆਰੰਭ—"ਤੈਨੂੰ ਤਾਂ ਸ਼ਾਇਦ ਹੁਣ ਉੱਕਾ ਹੀ ਯਾਦ ਨਾ ਹੋਵੇ / ਪਰ ਮੈਨੂੰ ਤਾਂ ਹੁਣ ਵੀ ਯਾਦ ਹੈ"—ਸਿੱਧੇ ਸੰਵਾਦ ਨਾਲ ਪਾਠਕ ਨੂੰ ਆਪਣੇ ਅੰਦਰ ਖਿੱਚ ਲੈਂਦਾ ਹੈ। ਇਸ ਕਵਿਤਾ ਦੀ ਲੋਕਪ੍ਰਿਯਤਾ ਬਾਰੇ ਸਮਕਾਲੀ ਯਾਦਾਂ ਵਿੱਚ ਦਰਜ ਹੈ ਕਿ ਕਾਲਜਾਂ ਦੇ ਕਵਿਤਾ ਮੁਕਾਬਲਿਆਂ ਵਿੱਚ ਇਸ ਦਾ ਪਾਠ ਕੀਤਾ ਜਾਂਦਾ ਸੀ। ਠੇਠ ਬੋਲੀ, ਵਿਲੱਖਣ ਬਿੰਬ ਅਤੇ ਕਥਨ ਦਾ ਲਗਾਤਾਰ ਵਹਾਅ—ਇਹ ਗੁਣ ਇਸ ਕਵਿਤਾ ਨੂੰ ਸਿਰਫ਼ ਪੜ੍ਹਨ ਦੀ ਨਹੀਂ, ਸੁਣਨ ਦੀ ਵੀ ਕਵਿਤਾ ਬਣਾਉਂਦੇ ਹਨ।
ਪਰ ਅਮਿਤੋਜ ਦੀ ਕਵਿਤਾ ਸਿਰਫ਼ ਪਿੰਡ, ਇਤਿਹਾਸ ਜਾਂ ਵੱਡੇ ਸਮਾਜਕ ਅਨੁਭਵਾਂ ਤੱਕ ਸੀਮਿਤ ਨਹੀਂ। 'ਕੱਚ ਦੇ ਗਿਲਾਸ' ਵਿੱਚ ਉਹ ਮਨੁੱਖੀ ਰਿਸ਼ਤੇ ਦੀ ਇੱਕ ਬਹੁਤ ਬਰੀਕ ਮਨੋਵਿਗਿਆਨਕ ਪਰਤ ਨੂੰ ਛੋਂਹਦਾ ਹੈ। ਕਵਿਤਾ ਦੀਆਂ ਪੰਕਤੀਆਂ ਹਨ—

"ਅਸੀਂ ਕੋਈ ਕੱਚ ਦੇ ਗਿਲਾਸ ਤਾਂ ਨਹੀਂ
ਕਿ ਹੱਥੋਂ ਡਿੱਗੀਏ ਤੇ ਕੜੱਚ ਦੇਣੀ ਟੁੱਟ ਜਾਈਏ।
ਆਖ਼ਰ ਅਸੀਂ ਦੋਸਤ ਹਾਂ—ਮੇਰੇ ਯਾਰ।
ਪਹਿਲਾਂ ਆਪਾਂ ਇੱਕ ਦੂਜੇ ਦੀਆਂ ਨਜ਼ਰਾਂ 'ਚੋਂ ਗਿਰਾਂਗੇ
ਤੇ ਫੇਰ-
ਹੌਲੀ ਹੌਲੀ ਟੁੱਟ ਜਾਵਾਂਗੇ।"

ਇੱਥੇ ਟੁੱਟਣਾ ਅਚਾਨਕ ਨਹੀਂ ਵਾਪਰਦਾ। ਪਹਿਲਾਂ ਨਜ਼ਰ ਤੋਂ ਡਿੱਗਣਾ ਹੈ, ਫਿਰ ਹੌਲੀ-ਹੌਲੀ ਟੁੱਟਣਾ। ਇਹੀ ਕਵਿਤਾ ਦੀ ਮਨੋਵਿਗਿਆਨਕ ਡੂੰਘਾਈ ਹੈ। ਕੱਚ ਦਾ ਗਿਲਾਸ ਇੱਕ ਸਧਾਰਨ ਵਸਤੂ ਹੈ, ਪਰ ਅਮਿਤੋਜ ਉਸ ਨੂੰ ਦੋਸਤੀ ਦੀ ਨਾਜ਼ੁਕੀ ਦਾ ਬਿੰਬ ਬਣਾ ਦਿੰਦਾ ਹੈ। ਹੋਰ ਵੀ ਦਿਲਚਸਪ ਗੱਲ ਇਹ ਹੈ ਕਿ ਕਵਿਤਾ ਦਾ ਲਹਿਜ਼ਾ ਭਾਵੁਕ ਵਿਲਾਪ ਵਾਲਾ ਨਹੀਂ। 'ਮੇਰੇ ਯਾਰ' ਵਰਗਾ ਸਹਿਜ ਸੰਬੋਧਨ ਅਤੇ ਬੋਲਚਾਲ ਦੀ ਭਾਸ਼ਾ ਇਸ ਟੁੱਟਣ ਨੂੰ ਹੋਰ ਵੀ ਮਨੁੱਖੀ ਬਣਾ ਦਿੰਦੀ ਹੈ।

ਇਨ੍ਹਾਂ ਤਿੰਨਾਂ ਰਚਨਾਵਾਂ ਨੂੰ ਇਕੱਠਿਆਂ ਪੜ੍ਹੀਏ ਤਾਂ ਅਮਿਤੋਜ ਦੀ ਕਾਵਿ-ਪ੍ਰਤਿਭਾ ਦਾ ਇੱਕ ਮਹੱਤਵਪੂਰਨ ਪੱਖ ਸਾਹਮਣੇ ਆਉਂਦਾ ਹੈ—ਉਹ ਸਧਾਰਨ ਨੂੰ ਅਰਥਵਾਨ ਬਣਾਉਂਦਾ ਹੈ। ਚਿੱਠੀ ਉਸ ਦੇ ਹੱਥ ਵਿੱਚ ਇਤਿਹਾਸ ਦੀ ਯਾਦ ਬਣ ਜਾਂਦੀ ਹੈ, ਬੌਲਦ ਬੀਤੇ ਜੀਵਨ ਦਾ ਸਾਥੀ ਬਣ ਜਾਂਦਾ ਹੈ ਅਤੇ ਕੱਚ ਦਾ ਗਿਲਾਸ ਮਨੁੱਖੀ ਰਿਸ਼ਤੇ ਦੀ ਨਾਜ਼ੁਕੀ ਦਾ ਰੂਪਕ। ਉਸ ਦੀ ਕਵਿਤਾ ਵਿੱਚ ਲੋਕ-ਭਾਸ਼ਾ ਦੀ ਗਰਮੀ ਹੈ, ਪਰ ਉਸ ਦੀ ਦ੍ਰਿਸ਼ਟੀ ਸਿਰਫ਼ ਲੋਕ-ਰੰਗ ਤੱਕ ਸੀਮਿਤ ਨਹੀਂ। ਉਹ ਬੋਲਚਾਲ ਨੂੰ ਕਾਵਿ-ਭਾਸ਼ਾ ਵਿੱਚ ਅਤੇ ਰੋਜ਼ਮਰ੍ਹਾ ਦੇ ਅਨੁਭਵ ਨੂੰ ਕਾਵਿ-ਚਿੰਤਨ ਵਿੱਚ ਬਦਲਣ ਦੀ ਸਮਰੱਥਾ ਰੱਖਦਾ ਹੈ।

'ਲਾਲਟੈਨਾਂ ਦੀ ਕਤਾਰ', 'ਡਿਕੱਲੀ ਗਰਾਮਾ', 'ਲੋਕ ਮਰ ਵੀ ਤਾਂ ਜਾਂਦੇ ਨੇ', 'ਮੇਰੇ ਅੰਗ ਸੰਗ ਰਹੋ', 'ਆਖ਼ਰੀ ਮੁਲਾਕਾਤ' ਅਤੇ ਹੋਰ ਰਚਨਾਵਾਂ ਵਿੱਚ ਇਹ ਕਾਵਿ-ਸੁਭਾਅ ਵੱਖ-ਵੱਖ ਰੂਪਾਂ ਵਿੱਚ ਸਾਹਮਣੇ ਆਉਂਦਾ ਹੈ। ਕਿਤੇ ਵਿਅੰਗ ਹੈ, ਕਿਤੇ ਕਰੁਣਾ, ਕਿਤੇ ਯਾਦ ਅਤੇ ਕਿਤੇ ਮਨੁੱਖੀ ਵਿਡੰਬਨਾ ਨੂੰ ਚੀਰਦੀ ਹੋਈ ਨਜ਼ਰ। ਪਰ ਇਨ੍ਹਾਂ ਸਾਰੇ ਰੰਗਾਂ ਨੂੰ ਜੋੜਦੀ ਇੱਕ ਡੋਰ ਉਸ ਦੀ ਕਥਨ-ਵਿਧੀ ਹੈ। ਅਮਿਤੋਜ ਗੱਲ ਨੂੰ ਕੇਵਲ ਦੱਸਦਾ ਨਹੀਂ; ਉਹ ਉਸ ਨੂੰ ਘਟਿਤ ਕਰਦਾ ਹੈ। ਇਸੇ ਕਰਕੇ ਉਸ ਦੀ ਕਵਿਤਾ ਵਿੱਚ ਪਾਠਕ ਇੱਕ ਬਾਹਰੀ ਦਰਸ਼ਕ ਨਹੀਂ ਰਹਿੰਦਾ, ਸਗੋਂ ਘਟਨਾ ਦੇ ਅੰਦਰ ਦਾਖ਼ਲ ਹੋ ਜਾਂਦਾ ਹੈ।

ਸ਼ਾਇਦ ਇਸ ਕਾਵਿ-ਸੁਭਾਅ ਨੂੰ ਸਮਝਣ ਲਈ ਉਸ ਦਾ ਰੰਗਮੰਚ ਨਾਲ ਰਿਸ਼ਤਾ ਵੀ ਮਹੱਤਵਪੂਰਨ ਹੈ। ਅਮਿਤੋਜ ਪੰਜਾਬ ਯੂਨੀਵਰਸਿਟੀ ਦੇ ਭਾਰਤੀ ਰੰਗਮੰਚ ਨਾਲ ਜੁੜਿਆ ਰਿਹਾ ਅਤੇ ਬਰਤੋਲਤ ਬ੍ਰੈਖ਼ਤ ਦੇ 'ਦ ਕਾਕੇਸ਼ੀਅਨ ਚਾਕ ਸਰਕਲ' ਦੇ ਪੰਜਾਬੀ ਰੂਪਾਂਤਰ 'ਪਰਾਈ ਕੁੱਖ' ਨਾਲ ਉਸ ਦਾ ਨਾਮ ਜੁੜਦਾ ਹੈ। ਇਸ ਨਾਟਕ ਦੀ ਲੋਕਪ੍ਰਿਯਤਾ ਵਿੱਚ ਉਸ ਦੇ ਗੀਤਾਂ ਦੀ ਭੂਮਿਕਾ ਦਰਜ ਕੀਤੀ ਗਈ ਹੈ। ਜਲੰਧਰ ਦੂਰਦਰਸ਼ਨ ਦਾ 'ਕੱਚ ਦੀਆਂ ਮੁੰਦਰਾਂ' ਵੀ ਉਸ ਦੀ ਰਚਨਾਤਮਕ ਪੇਸ਼ਕਾਰੀ ਦਾ ਇੱਕ ਮਹੱਤਵਪੂਰਨ ਪੱਖ ਸੀ। ਇਸ ਤਰ੍ਹਾਂ ਮੰਚ, ਆਵਾਜ਼ ਅਤੇ ਦ੍ਰਿਸ਼ ਉਸ ਦੇ ਰਚਨਾਤਮਕ ਅਨੁਭਵ ਦੇ ਹਿੱਸੇ ਸਨ; ਇਸ ਲਈ ਉਸ ਦੀ ਕਵਿਤਾ ਵਿੱਚ ਸੰਵਾਦ ਅਤੇ ਦ੍ਰਿਸ਼ਾਤਮਕਤਾ ਦਾ ਆਉਣਾ ਸੁਭਾਵਿਕ ਜਾਪਦਾ ਹੈ।

ਫਿਰ ਆਉਂਦੀ ਹੈ 'ਖ਼ਾਲੀ ਤਰਕਸ਼'—1998 ਵਿੱਚ ਪ੍ਰਕਾਸ਼ਿਤ ਉਸ ਦੀ ਜੀਵਨਕਾਲ ਦੀ ਇਕੋ-ਇਕ ਕਾਵਿ-ਪੁਸਤਕ। ਇਸ ਦੇ ਪ੍ਰਕਾਸ਼ਨ ਵਿੱਚ ਸੁਰਜੀਤ ਪਾਤਰ ਦੀ ਪਹਿਲਕਦਮੀ ਦਾ ਜ਼ਿਕਰ ਮਿਲਦਾ ਹੈ। ਅਮਿਤੋਜ ਦੀਆਂ ਹੋਰ ਰਚਨਾਵਾਂ ਦੇ ਅਪ੍ਰਕਾਸ਼ਿਤ ਰਹਿ ਜਾਣ ਦੀ ਗੱਲ ਵੀ ਸਾਹਮਣੇ ਆਉਂਦੀ ਹੈ। ਇੱਥੇ 'ਖ਼ਾਲੀ ਤਰਕਸ਼' ਦਾ ਨਾਮ ਆਪਣੇ ਆਪ ਵਿੱਚ ਇੱਕ ਅਰਥਪੂਰਨ ਵਿਡੰਬਨਾ ਬਣ ਜਾਂਦਾ ਹੈ। ਇੱਕ ਕਵੀ ਜਿਸ ਦੀਆਂ ਕੁਝ ਰਚਨਾਵਾਂ ਨੇ ਆਪਣੇ ਸਮੇਂ ਵਿੱਚ ਇੰਨਾ ਪ੍ਰਭਾਵ ਪੈਦਾ ਕੀਤਾ, ਉਸ ਦਾ ਪ੍ਰਕਾਸ਼ਿਤ ਕਾਵਿ-ਵਿਰਸਾ ਇੰਨਾ ਸੀਮਿਤ ਕਿਉਂ ਰਿਹਾ—ਇਹ ਸਵਾਲ ਉਸ ਦੀ ਜੀਵਨੀ ਨਾਲੋਂ ਵੱਧ ਉਸ ਦੀ ਰਚਨਾ ਦੀ ਸੰਭਾਲ ਅਤੇ ਸਾਹਿਤਕ ਵਿਰਾਸਤ ਨਾਲ ਜੁੜਦਾ ਹੈ।


ਅਮਿਤੋਜ ਦੀ ਸ਼ਖ਼ਸੀਅਤ ਵਿੱਚ ਵੀ ਇੱਕ ਅਣਰਵਾਇਤੀ ਪੱਖ ਸੀ। ਸਮਕਾਲੀ ਯਾਦਾਂ ਵਿੱਚ ਉਸ ਦੀ ਮੰਚੀ ਹਾਜ਼ਰੀ ਅਤੇ ਲੋਕਪ੍ਰਿਯਤਾ ਦਾ ਜ਼ਿਕਰ ਮਿਲਦਾ ਹੈ, ਪਰ ਇਹ ਵੀ ਦਰਜ ਹੈ ਕਿ ਉਹ ਇੰਟਰਵਿਊ ਦੇਣ ਤੋਂ ਕਤਰਾਉਂਦਾ ਸੀ। ਇੱਕ ਯਾਦ ਵਿੱਚ ਉਸ ਦਾ ਜਵਾਬ ਸੀ — "No interview please." ਉਸ ਦੇ ਇਸ ਰਵੱਈਏ ਨੂੰ ਰੋਮਾਂਚਕ ਰਹੱਸ ਬਣਾਉਣ ਦੀ ਲੋੜ ਨਹੀਂ; ਇਸ ਨੂੰ ਉਸ ਦੀ ਰਚਨਾ ਨਾਲ ਜੋੜ ਕੇ ਦੇਖਣਾ ਵਧੇਰੇ ਦਿਲਚਸਪ ਹੈ। ਉਹ ਆਪਣੇ ਬਾਰੇ ਲੰਬੀਆਂ ਵਿਆਖਿਆਵਾਂ ਦੇਣ ਦੀ ਥਾਂ ਆਪਣੀ ਰਚਨਾ ਰਾਹੀਂ ਬੋਲਣ ਵਾਲਾ ਵਿਅਕਤੀ ਜਾਪਦਾ ਹੈ। ਸ਼ਾਇਦ ਇਸੇ ਲਈ ਉਸ ਦੀ ਸਭ ਤੋਂ ਭਰੋਸੇਯੋਗ ਪਛਾਣ ਉਸ ਦੀਆਂ ਕਵਿਤਾਵਾਂ ਵਿੱਚੋਂ ਹੀ ਬਣਦੀ ਹੈ।

28 ਅਗਸਤ 2005 ਨੂੰ ਅਮਿਤੋਜ ਦਾ ਦੇਹਾਂਤ ਹੋ ਗਿਆ। ਜੀਵਨ ਦੀ ਇਹ ਅੰਤਿਮ ਤਾਰੀਖ਼ ਉਸ ਦੀ ਕਵਿਤਾ ਲਈ ਅੰਤਿਮ ਰੇਖਾ ਨਹੀਂ ਬਣਦੀ। ਕਵੀ ਦੀ ਜੀਵਨ-ਯਾਤਰਾ ਮੁਕ ਸਕਦੀ ਹੈ, ਪਰ ਕਵਿਤਾ ਦੀ ਯਾਤਰਾ ਪਾਠਕ ਤੋਂ ਪਾਠਕ ਤੱਕ ਚੱਲਦੀ ਰਹਿੰਦੀ ਹੈ। ਅਮਿਤੋਜ ਨੂੰ ਮੁੜ ਪੜ੍ਹਨ ਦਾ ਅਰਥ ਕਿਸੇ ਪੁਰਾਣੇ ਨਾਮ ਨੂੰ ਰਸਮੀ ਤੌਰ 'ਤੇ ਯਾਦ ਕਰਨਾ ਨਹੀਂ; ਇਹ ਪੰਜਾਬੀ ਕਵਿਤਾ ਦੇ ਉਸ ਰਚਨਾਤਮਕ ਪੱਖ ਨਾਲ ਮੁੜ ਸੰਵਾਦ ਕਰਨਾ ਹੈ ਜਿੱਥੇ ਬੋਲਚਾਲ ਕਾਵਿ-ਭਾਸ਼ਾ ਬਣਦੀ ਹੈ, ਸਧਾਰਨ ਵਸਤੂ ਬਿੰਬ ਬਣਦੀ ਹੈ, ਨਿੱਜੀ ਯਾਦ ਸਾਂਝਾ ਇਤਿਹਾਸ ਬਣਦੀ ਹੈ ਅਤੇ ਇੱਕ ਦੋਸਤ ਨਾਲ ਕੀਤੀ ਗੱਲ ਮਨੁੱਖੀ ਰਿਸ਼ਤਿਆਂ ਦੀ ਡੂੰਘੀ ਸੱਚਾਈ ਤੱਕ ਪਹੁੰਚ ਜਾਂਦੀ ਹੈ। ਅਮਿਤੋਜ ਦੀ ਅਸਲ ਤਾਕਤ ਸ਼ਾਇਦ ਇਸ ਗੱਲ ਵਿੱਚ ਨਹੀਂ ਕਿ ਉਸ ਨੇ ਕਿੰਨਾ ਲਿਖਿਆ, ਸਗੋਂ ਇਸ ਵਿੱਚ ਹੈ ਕਿ ਉਸ ਨੇ ਜੋ ਲਿਖਿਆ, ਉਸ ਨੂੰ ਆਪਣੀ ਆਵਾਜ਼ ਕਿਵੇਂ ਦਿੱਤੀ। ਉਸ ਦੀ ਕਵਿਤਾ ਅੱਜ ਵੀ ਪਾਠਕ ਨੂੰ ਰੁਕਣ, ਸੁਣਨ ਅਤੇ ਇੱਕ ਪੰਕਤੀ ਨੂੰ ਮੁੜ ਪੜ੍ਹਨ ਲਈ ਮਜਬੂਰ ਕਰਦੀ ਹੈ। ਕਿਸੇ ਕਵੀ ਲਈ ਇਸ ਤੋਂ ਵੱਡੀ ਸਾਹਿਤਕ ਉਮਰ ਹੋਰ ਕੀ ਹੋ ਸਕਦੀ ਹੈ?

# ਅਮਰਦੀਪ ਸਿੰਘ ਰਚਿਤ ਸਚਿੱਤਰ ਪੁਸਤਕ "ਵਿੱਸਰਿਆ ਵਿਰਸਾ"

## ਪਾਕਿਸਤਾਨ ਵਿੱਚ ਸਿੱਖ ਵਿਰਾਸਤ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ




ਸਿੰਗਾਪੁਰ ਵੱਸਦੇ ਲੇਖਕ ਸ. ਅਮਰਦੀਪ ਸਿੰਘ ਦੀ ਅੰਗਰੇਜ਼ੀ ਪੁਸਤਕ ਦਾ ਪੰਜਾਬੀ ਸਰੂਪ ਹੈ।
1947 ਵਿੱਚ ਹੋਈ ਦੇਸ਼ ਵੰਡ ਵੇਲੇ ਪਾਕਿਸਤਾਨ ਵਿੱਚ ਰਹਿ ਗਈ ਸਿੱਖ ਵਿਰਾਸਤ ਦੀ ਭਾਲ ਅਤੇ ਦਸਤਾਵੇਜ਼ੀਕਰਨ ਵਿੱਚ ਉਸ ਦਾ ਕੰਮ ਬਹੁਤ ਪ੍ਰਮਾਣੀਕ ਹੈ।
ਡਾ. ਦਲਬੀਰ ਸਿੰਘ ਪੰਨੂੰ ਨੇ ਵੀ ਏਸੇ ਤਰ੍ਹਾਂ ਦਾ ਮਹੱਤਵਪੂਰਨ ਕਾਰਜ 2019 ਵਿੱਚ ਕੀਤਾ ਸੀ। ਦੋਹਾਂ ਲੇਖਕਾਂ ਦੀਆਂ ਕਿਤਾਬਾਂ ਅੰਗਰੇਜ਼ੀ ਵਿੱਚ ਸਨ। ਅਮਰਦੀਪ ਦੀ ਕਿਤਾਬ ਪੰਜਾਬੀ ਵਿੱਚ ਆਉਣਾ ਸ਼ੁਭ ਸ਼ਗਨ ਹੈ। ਦਲਬੀਰ ਦੀ ਕਿਤਾਬ ਵੀ ਪੰਜਾਬੀ ਵਿੱਚ ਉਡੀਕ ਰਹੇ ਹਾਂ।
"ਵਿੱਸਰਿਆ ਵਿਰਸਾ: ਪਾਕਿਸਤਾਨ ਵਿੱਚ ਸਿੱਖ ਵਿਰਾਸਤ" ਦੇ ਲੇਖਕ ਸ. ਅਮਰਦੀਪ ਸਿੰਘ ਸਿੰਗਾਪੁਰ ਅਧਾਰਤ ਉਦਯੋਗਪਤੀ ਅਤੇ ਲੇਖਕ ਹਨ।
ਉਨ੍ਹਾਂ ਦੀ ਇੱਛਾ ਪਾਕਿਸਤਾਨ ਵਿੱਚ ਰਹਿ ਗਏ ਉਨ੍ਹਾਂ ਇਤਿਹਾਸਕ ਸਥਾਨਾਂ, ਗੁਰਦੁਆਰਿਆਂ ਅਤੇ ਭਵਨ ਸਰੂਪ ਯਾਦ ਨਿਸ਼ਾਨੀਆਂ ਨੂੰ ਪੜਚੋਲ ਕਰਕੇ ਅਤੇ ਉਨ੍ਹਾਂ ਨੂੰ ਦਸਤਾਵੇਜ਼ੀ ਰੂਪ ਵਿੱਚ ਸਾਂਭਣਾ ਸੀ ਜੋ ਸਮੇਂ ਦੇ ਨਾਲ ਭੁਲਾ ਦਿੱਤੇ ਗਏ ਜਾਂ ਖ਼ਤਮ ਹੋ ਰਹੇ ਹਨ।
ਇਸ ਪੁਸਤਕ ਦਾ ਪ੍ਰਕਾਸ਼ਨ ਪੰਜਾਬੀ ਵਿੱਚ ਡਾ. ਪਰਮਿੰਦਰ ਸਿੰਘ ਸ਼ੌਂਕੀ ਨੇ ਰੀਥਿੰਕ ਬੁੱਕਸ (Rethink Books) ਵੱਲੋਂ ਪ੍ਰਕਾਸ਼ਤ ਕੀਤਾ ਹੈ।
ਇਸ ਕੌਫੀ ਟੇਬਲ ਰੂਪ ਵਾਲੀ ਕਿਤਾਬ ਨੂੰ ਐਮਾਜ਼ੋਨ ਤੋਂ ਖ਼ਰੀਦਿਆ ਜਾ ਸਕਦਾ ਹੈ।

# ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਵੱਲੋਂ ਰਾਸ਼ਟਰੀ ਖੇਡ ਦਿਵਸ ਮੌਕੇ 29 ਅਗਸਤ ਨੂੰ ਕਰਵਾਈ ਜਾਵੇਗੀ ਕਰਾਸ-ਕੰਟਰੀ ਦੌੜ

ਪਟਿਆਲਾ, 28 ਅਗਸਤ:ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, 29 ਅਗਸਤ ਸ਼ਨੀਵਾਰ ਨੂੰ ਇੱਕ ਕਰਾਸ-ਕੰਟਰੀ ਦੌੜ ਦੇ ਨਾਲ ਰਾਸ਼ਟਰੀ ਖੇਡ ਦਿਵਸ 2026 ਮਨਾਏਗੀ। ਇਸ ਮੌਕੇ ਯੂਨੀਵਰਸਿਟੀ ਦੇ ਵਿਦਿਆਰਥੀ, ਅਧਿਆਪਨ ਸਟਾਫ਼ ਅਤੇ ਗੈਰ-ਅਧਿਆਪਨ ਸਟਾਫ਼ ਖੇਡ ਇਕੱਠੇ ਹੋਣਗੇ।

ਇਹ ਸਮਾਗਮ ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਸਰੀਰਕ ਸਿੱਖਿਆ ਕਾਲਜ, ਪਟਿਆਲਾ ਦੇ ਐਥਲੈਟਿਕ ਟਰੈਕ ਵਿਖੇ ਇੱਕ ਉਦਘਾਟਨੀ ਸਮਾਰੋਹ ਨਾਲ ਸ਼ੁਰੂ ਹੋਵੇਗਾ, ਜਿੱਥੇ ਹਿੱਸਾ ਲੈਣ ਵਾਲੇ ਸਵੇਰੇ 5:30 ਵਜੇ ਤੱਕ ਰਿਪੋਰਟ ਕਰਨਗੇ। ਦੌੜ ਨੂੰ ਮੁੱਖ ਮਹਿਮਾਨ ਵਿਧਾਇਕ, ਘਨੌਰ ਗੁਰਲਾਲ ਘਨੌਰ ਅਤੇ ਸਾਬਕਾ ਓਲੰਪੀਅਨ ਰੂਪਾ ਸੈਣੀ ਸਵੇਰੇ 5:45 ਵਜੇ ਝੰਡੀ ਦਿਖਾ ਕੇ ਰਵਾਨਾ ਕਰਨਗੇ। ਦੌੜਾਕ ਕਾਲਜ ਐਥਲੈਟਿਕ ਟਰੈਕ ਤੋਂ ਸ਼ੁਰੂ ਹੋ ਕੇ ਇੱਕ ਨਿਰਧਾਰਤ ਰਸਤੇ ਦੀ ਪਾਲਣਾ ਕਰਨਗੇ, ਮਾਡਲ ਟਾਊਨ ਲਾਈਟਸ ਅਤੇ ਥਾਪਰ ਯੂਨੀਵਰਸਿਟੀ ਰਾਹੀਂ ਅੱਗੇ ਵਧਣਗੇ, ਅਤੇ ਯੂਨੀਵਰਸਿਟੀ ਗੇਟ 'ਤੇ ਸਮਾਪਤ ਹੋਣਗੇ, ਜਿੱਥੇ ਸਮਾਪਤੀ ਸਮਾਰੋਹ ਹੋਵੇਗਾ। ਸਾਰੇ ਭਾਗੀਦਾਰਾਂ ਦੀ ਸੁਰੱਖਿਆ ਅਤੇ ਸਹੂਲਤ ਨੂੰ ਯਕੀਨੀ ਬਣਾਉਣ ਲਈ ਰਸਤੇ 'ਤੇ ਪਾਣੀ ਦੇ ਪੁਆਇੰਟ ਅਤੇ ਸਹਾਇਤਾ ਵਾਹਨ ਤਾਇਨਾਤ ਕੀਤੇ ਜਾਣਗੇ। ਹਰੇਕ ਸ਼੍ਰੇਣੀ ਵਿੱਚ ਚੋਟੀ ਦੇ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਿਤ ਕਰਨ ਲਈ ਇੱਕ ਮੈਡਲ ਸਮਾਰੋਹ ਹੈਂਡਬਾਲ ਕੋਰਟ ਵਿਖੇ ਹੋਵੇਗਾ।

ਯੂਨੀਵਰਸਿਟੀ ਅਧਿਕਾਰੀਆਂ ਨੇ ਸਾਰੇ ਵਿਦਿਆਰਥੀਆਂ, ਅਧਿਆਪਨ ਫੈਕਲਟੀ ਅਤੇ ਗੈਰ-ਅਧਿਆਪਨ ਸਟਾਫ ਨੂੰ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵੱਧ ਤੋਂ ਵੱਧ ਗਿਣਤੀ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਹੈ। ਜਿਕਰਯੋਗ ਹੈ ਕਿ ਰਾਸ਼ਟਰੀ ਖੇਡ ਦਿਵਸ ਹਰ ਸਾਲ 29 ਅਗਸਤ ਨੂੰ ਹਾਕੀ ਦੇ ਮਹਾਨ ਖਿਡਾਰੀ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਮਨਾਉਣ ਅਤੇ ਰੋਜ਼ਾਨਾ ਜੀਵਨ ਵਿੱਚ ਖੇਡਾਂ ਅਤੇ ਸਰੀਰਕ ਤੰਦਰੁਸਤੀ ਦੀ ਮਹੱਤਤਾ ਬਾਰੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਮਨਾਇਆ ਜਾਂਦਾ ਹੈ।

ਇਹ ਸਮਾਗਮ ਵਾਈਸ-ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ, ਖੇਡ ਨਿਰਦੇਸ਼ਕ ਡਾ. ਅਮਰਪ੍ਰੀਤ ਸਿੰਘ ਅਤੇ ਸਰੀਰਕ ਸਿੱਖਿਆ ਕਾਲਜ ਦੇ ਪ੍ਰਿੰਸੀਪਲ ਡਾ. ਹਰਮਨਪ੍ਰੀਤ ਕੌਰ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ।

# ਕੇਂਦਰੀ ਜੇਲ੍ਹ ਪਟਿਆਲਾ ਵਿਖੇ ਭਾਵੁਕ ਤੇ ਪਰਿਵਾਰਕ ਮਾਹੌਲ 'ਚ ਮਨਾਇਆ ਰੱਖੜੀ ਦਾ ਤਿਉਹਾਰ

## ਬੰਦੀਆਂ ਦੀਆਂ ਭੈਣਾਂ ਨੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਕੇ ਸਾਂਝੀਆਂ ਕੀਤੀਆਂ ਖੁਸ਼ੀਆਂ

## ਜੇਲ੍ਹ ਵਿਭਾਗ ਵੱਲੋਂ ਸਪੈਸ਼ਲ ਮੁਲਾਕਾਤ ਰਾਹੀਂ ਭੈਣਾਂ ਨੂੰ ਦਿੱਤਾ ਗਿਆ ਪਰਿਵਾਰਕ ਮਾਹੌਲ : ਗੁਰਚਰਨ ਸਿੰਘ ਧਾਲੀਵਾਲ

## ਕੇਂਦਰੀ ਜੇਲ੍ਹ 'ਚ ਕਰੀਬ 600 ਰੱਖੜੀਆਂ ਬੰਨ੍ਹੀਆਂ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 28 ਅਗਸਤ:ਕੇਂਦਰੀ ਜੇਲ੍ਹ ਪਟਿਆਲਾ ਵਿਖੇ ਅੱਜ ਰੱਖੜੀ ਦਾ ਤਿਉਹਾਰ ਭਾਵੁਕ ਅਤੇ ਪਰਿਵਾਰਕ ਮਾਹੌਲ ਵਿੱਚ ਮਨਾਇਆ ਗਿਆ। ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜੇਲ੍ਹ ਵਿਭਾਗ ਵੱਲੋਂ ਬੰਦੀਆਂ ਦੀਆਂ ਭੈਣਾਂ ਅਤੇ ਪਰਿਵਾਰਕ ਮੈਂਬਰਾਂ ਲਈ ਵਿਸ਼ੇਸ਼ ਮੁਲਾਕਾਤ ਦਾ ਪ੍ਰਬੰਧ ਕੀਤਾ ਗਿਆ, ਜਿਸ ਦੌਰਾਨ ਭੈਣਾਂ ਨੇ ਆਪਣੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਕੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।



ਜੇਲ੍ਹ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜੇਲ੍ਹ ਮੰਤਰੀ ਡਾ. ਰਵਜੋਤ ਸਿੰਘ ਅਤੇ ਵਧੀਕ ਡੀਜੀਪੀ ਜੇਲ੍ਹਾਂ ਆਰ. ਕੇ. ਜੈਸਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰੱਖੜੀ ਦੇ ਤਿਉਹਾਰ ਮੌਕੇ ਇਹ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਆਮ ਮੁਲਾਕਾਤ ਦੌਰਾਨ ਰੱਖੜੀ ਬੰਨ੍ਹਣੀ ਸੰਭਵ ਨਾ ਹੋਣ ਕਾਰਨ ਬੰਦੀਆਂ ਅਤੇ ਉਨ੍ਹਾਂ ਦੀਆਂ ਭੈਣਾਂ ਨੂੰ ਇੱਕ-ਦੂਜੇ ਨਾਲ ਤਿਉਹਾਰ ਮਨਾਉਣ ਲਈ ਵਿਸ਼ੇਸ਼ ਮੁਲਾਕਾਤ ਦਾ ਮੌਕਾ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ ਸੁਰੱਖਿਆ ਪ੍ਰਬੰਧਾਂ ਨੂੰ ਧਿਆਨ ਵਿੱਚ ਰੱਖਦਿਆਂ ਜੇਲ੍ਹ ਪ੍ਰਸ਼ਾਸਨ ਵੱਲੋਂ ਭੈਣਾਂ ਲਈ ਰੱਖੜੀਆਂ ਅਤੇ ਮਠਿਆਈਆਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਇਸ ਉਪਰਾਲੇ ਦਾ ਮਕਸਦ ਬੰਦੀਆਂ ਨੂੰ ਆਪਣੇ ਪਰਿਵਾਰਾਂ ਨਾਲ ਜੋੜੀ ਰੱਖਣ ਦੇ ਨਾਲ-ਨਾਲ ਪਰਿਵਾਰਕ ਸਾਂਝ, ਸਮਾਜਿਕ ਸਦਭਾਵਨਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੈ।

ਗੁਰਚਰਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਅੱਜ ਕੇਂਦਰੀ ਜੇਲ੍ਹ ਵਿਖੇ ਕਰੀਬ 600 ਰੱਖੜੀਆਂ ਬੰਨ੍ਹੀਆਂ ਗਈਆਂ। ਉਨ੍ਹਾਂ ਕਿਹਾ ਕਿ ਜੇਲ੍ਹ ਵਿੱਚ ਬੰਦ ਭਰਾਵਾਂ ਤੋਂ ਇਲਾਵਾ ਮਹਿਲਾ ਬੰਦੀਆਂ ਨੂੰ ਵੀ ਆਪਣੇ ਭਰਾਵਾਂ ਤੋਂ ਰੱਖੜੀ ਬੰਨ੍ਹਵਾਉਣ ਦਾ ਵਿਸ਼ੇਸ਼ ਮੌਕਾ ਪ੍ਰਦਾਨ ਕੀਤਾ ਗਿਆ। ਸਵੇਰੇ 8 ਵਜੇ ਸ਼ੁਰੂ ਹੋਈ ਇਸ ਵਿਸ਼ੇਸ਼ ਮੁਲਾਕਾਤ ਦੌਰਾਨ ਕਿਸੇ ਵੀ ਪਰਿਵਾਰਕ ਮੈਂਬਰ ਨੂੰ ਮੁਲਾਕਾਤ ਤੋਂ ਵਾਂਝਾ ਨਹੀਂ ਰੱਖਿਆ ਗਿਆ।

ਇਸ ਮੌਕੇ ਵਧੀਕ ਸੁਪਰਡੈਂਟ ਅਰਪਨਜੋਤ ਸਿੰਘ ਅਤੇ ਜੈਦੀਪ ਸਿੰਘ, ਡਿਪਟੀ ਸੁਪਰਡੈਂਟ ਆਦਰਸ਼ਪਾਲ ਸਿੰਘ ਅਤੇ ਸਹਾਇਕ ਸੁਪਰਡੈਂਟ ਗੁਰਜਿੰਦਰ ਸਿੰਘ ਸਮੇਤ ਹੋਰ ਜੇਲ੍ਹ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।